ਦਫਤਰ ਜ਼ਿਲ੍ਹਾ ਲੋਕ ਸੰਪਰਕ ਅਫਸਰ, ਫਾਜ਼ਿਲਕਾ

## ਪਹਿਲ ਦੇ ਆਧਾਰ 'ਤੇ ਬਿਨਾਂ ਕਿਸੇ ਦੇਰੀ ਦੇ ਜਾਰੀ ਕੀਤੇ ਜਾ ਰਹੇ ਨੇ ਐਨ.ਓ.ਸੀ.-ਡਿਪਟੀ ਕਮਿਸ਼ਨਰ

### ਜ਼ਿਲ੍ਹੇ 'ਚ ਮਾਨਵ ਰਹਿਤ ਫਾਟਕਾਂ ਬਣਾਉਣ ਲਈ 21 ਐਨ.ਓ.ਸੀ. ਕੀਤੇ ਗਏ ਜਾਰੀ

ਫਾਜ਼ਿਲਕਾ 12 ਅਕਤੂਬਰ

ਡਿਪਟੀ ਕਮਿਸ਼ਨਰ ਸ੍ਰੀਮਤੀ ਈਸ਼ਾ ਕਾਲੀਆ ਨੇ ਦੱਸਿਆ ਕਿ ਜ਼ਿਲ੍ਹੇ ਅੰਦਰ ਬਣੀ ਰੇਲ ਪਟੜੀ ਉੱਤੇ ਮਾਨਵ ਰਹਿਤ ਫਾਟਕਾਂ 'ਤੇ ਅੰਡਰਬ੍ਰਿਜ ਬਨਾਉਣ ਲਈ ਪਹਿਲ ਦੇ ਆਧਾਰ 'ਤੇ ਬਿਨਾਂ ਕਿਸੇ ਦੇਰੀ ਦੇ ਨੋ ਓਬਜੈਕਸ਼ਨ ਸਰਟੀਫਿਕੇਟ(ਐਨ.ਓ.ਸੀ.) ਜਾਰੀ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਜ਼ਿਲ੍ਹੇ ਅੰਦਰ 28 ਜੂਨ 2017 ਤੋਂ ਲੈ ਕੇ 10 ਅਕਤੂਬਰ 2017 ਤੱਕ ਮਾਨਵ ਰਹਿਤ ਫਾਟਕਾਂ 'ਤੇ ਅੰਡਰਬ੍ਰਿਜ ਬਣਾਉਣ ਲਈ 21 ਐਨ.ਓ.ਸੀ. ਜਾਰੀ ਕੀਤੇ ਗਏ ਹਨ। ਉਨ੍ਹਾਂ ਇਹ ਵੀ ਦੱਸਿਆ ਕਿ ਪੈਡਿੰਗ ਪਏ 2 ਐਨ.ਓ.ਸੀ. ਕਾਰਵਾਈ ਅਧੀਨ ਹਨ ਜਿਨ੍ਹਾਂ ਨੂੰ ਵੀ ਲੋੜੀਂਦੀ ਕਾਰਵਾਈ ਉਪਰੰਤ ਜਲਦ ਜਾਰੀ ਕਰ ਦਿੱਤਾ ਜਾਵੇਗਾ।

ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਫਿਰੋਜ਼ਪੁਰ-ਫਾਜ਼ਿਲਕਾ ਰੇਲ ਲਾਈਨ 'ਤੇ ਉਪਮੰਡਲ ਜਲਾਲਾਬਾਦ ਅਧੀਨ ਪੈਂਦੇ ਮਾਨਵ ਰਹਿਤ ਫਾਟਕ ਡਿੱਬੀਪੁਰਾ-ਚੱਕ ਸੁਖੇਰਾ(ਕਰਾਸਿੰਗ ਨੰਬਰ ਸੀ-64), ਚੱਕ ਭਾਰਾ-ਚੱਕ ਖੁੰਡਵਾਲਾ(ਕਰਾਸਿੰਗ ਨੰਬਰ ਸੀ-69), ਸਿੰਘ ਸੈਨੀਆ-ਖੁੰਡਵਾਲਾ(ਕਰਾਸਿੰਗ ਨੰਬਰ ਸੀ-71), ਬਾਹਮਣੀ ਵਾਲਾ(ਕਰਾਸਿੰਗ ਨੰਬਰ ਸੀ-62), ਚੱਕ ਲਮੋਚੜ(ਕਰਾਸਿੰਗ ਨੰਬਰ ਸੀ-66), ਉਪਮੰਡਲ ਫਾਜ਼ਿਲਕਾ ਅਧੀਨ ਪੈਂਦੇ ਮਾਨਵ ਰਹਿਤ ਫਾਟਕ ਤਾਰੋਭਾਰੀ-ਲਾਧੂਕਾ ਮੰਡੀ(ਕਰਾਸਿੰਗ ਨੰਬਰ ਸੀ-73, ਸੀ-74), ਆਹਲਬੋਦਲਾ-ਬਹਿਕ ਖਾਸ(ਕਰਾਸਿੰਗ ਨੰਬਰ ਸੀ-78), ਲਾਲੋ ਵਾਲੀ(ਕਰਾਸਿੰਗ ਨੰਬਰ ਸੀ-84, ਸੀ-85), ਰੱਤਾ ਖੇੜਾ(ਕਰਾਸਿੰਗ ਨੰਬਰ ਸੀ-47), ਰੇਤਾ ਖੇੜਾ(ਤੇਲੂਪਰਾ ਕਰਾਸਿੰਗ ਨੰਬਰ ਸੀ-48), ਖੜੂੰਜ(ਕਰਾਸਿੰਗ ਨੰਬਰ ਸੀ-49), ਰੋੜਾਂ ਵਾਲੀ(ਕਰਾਸਿੰਗ ਨੰਬਰ ਸੀ-50), ਅਭੁੰਨ(ਕਰਾਸਿੰਗ ਨੰਬਰ ਸੀ-63), ਜੋੜਕੀ ਕੰਕਰ ਵਾਲੀ(ਕਰਾਸਿੰਗ ਨੰਬਰ ਸੀ-65), ਨੁਕੇਰੀਆ(ਕਰਾਸਿੰਗ ਨੰਬਰ ਸੀ-54), ਸਹੀਵਾਲਾ(ਕਰਾਸਿੰਗ ਨੰਬਰ ਸੀ-53), ਖਿਓ ਵਾਲਾ(ਕਰਾਸਿੰਗ ਨੰਬਰ ਸੀ-60), ਜੋੜਕੀ ਅਤੇ ਕੰਕਰ ਵਾਲੀ(ਕਰਾਸਿੰਗ ਨੰਬਰ ਸੀ-64) ਅਤੇ ਫਾਜ਼ਿਲਕਾ(ਕਰਾਸਿੰਗ ਨੰਬਰ ਬੀ-89) ਨੂੰ ਐਨ.ਓ.ਸੀ. ਬਿਨਾਂ ਕਿਸੇ ਦੇਰੀ ਦੇ ਜਾਰੀ ਕਰ ਦਿੱਤੇ ਗਏ ਹਨ।

ਡਿਪਟੀ ਕਮਿਸ਼ਨਰ ਸ੍ਰੀਮਤੀ ਈਸ਼ਾ ਕਾਲੀਆ ਨੇ ਦੱਸਿਆ ਕਿ ਅਬੋਹਰ ਉਪਮੰਡਲ ਅਧੀਨ ਪੈਂਦੇ ਬਹਾਵਲ ਵਾਸੀ(ਕਰਾਸਿੰਗ ਨੰਬਰ ਸੀ-47) ਅਤੇ ਚਿਰਾਗ ਢਾਣੀ (ਕਰਾਸਿੰਗ ਨੰਬਰ ਸੀ-52) ਐਨ.ਓ.ਸੀ. ਪ੍ਰਾਪਤ ਹੋਏ ਹਨ ਜੋ ਕਿ ਕਾਰਵਾਈ ਅਧੀਨ ਹਨ ਤੇ ਲੋੜੀਂਦੀ ਕਾਰਵਾਈ ਪੂਰੀ ਕਰਨ ਉਪਰੰਤ ਜਾਰੀ ਕਰ ਦਿੱਤੇ ਜਾਣਗੇ।